# ਨਸਲੀ ਸਮਾਨਤਾ ਨੂੰ ਹੱਲਾਸ਼ੇਰੀ ਦੇਣ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਹਾਂਗਕਾਂਗ ਮਾਨੀਟਰੀ ਅਥਾਰਿਟੀ

ਹਾਂਗਕਾਂਗ ਮਾਨੀਟਰੀ ਅਥਾਰਿਟੀ(HKMA) ਹਾਂਗਕਾਂਗ ਦੀ ਕੇਂਦਰੀ ਬੈਂਕਿੰਗ ਸੰਸਥਾ ਹੈ। HKMA ਦੇ ਚਾਰ ਮੁੱਖ ਕੰਮ ਹਨ:

- ਲਿੰਕਡ ਐਕਸਚੇਂਜ ਰੇਟ ਸਿਸਟਮ ਦੇ ਢਾਂਚੇ ਵਿੱਚ ਕਰੰਸੀ ਦੀ ਸਥਿਰਤਾ ਨੂੰ ਕਾਇਮ ਰੱਖਣਾ;
- ਬੈਂਕਿੰਗ ਪ੍ਰਣਾਲੀ ਸਮੇਤ, ਵਿੱਤੀ ਪ੍ਰਣਾਲੀ ਦੀ ਸਥਿਰਤਾ ਅਤੇ ਅਖੰਡਤਾ ਦਾ ਸਮਰਥਨ ਕਰਨਾ;
- ਇੱਕ ਅੰਤਰਰਾਸ਼ਟਰੀ ਵਿੱਤੀ ਕੇਂਦਰ ਦੇ ਰੂਪ ਵਿੱਚ ਹਾਂਗਕਾਂਗ ਦੇ ਦਰਜੇ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰਨਾ, ਜਿਸ ਵਿੱਚ ਹਾਂਗਕਾਂਗ ਦੇ ਵਿੱਤੀ ਬੁਨਿਆਦੀ ਢਾਂਚੇ ਦਾ ਰੱਖ-ਰਖਾਅ ਅਤੇ ਵਿਕਾਸ ਕਰਨਾ ਸ਼ਾਮਲ ਹੈ; ਅਤੇ
- ਐਕਸਚੇਂਜ ਫੰਡ ਦਾ ਪ੍ਰਬੰਧਨ ਕਰਨਾ।

HKMA ਆਪਣੀਆਂ ਸੇਵਾਵਾਂ ਤੱਕ ਜਨਤਾ ਦੇ ਸਾਰੇ ਲੋਕਾਂ ਦੀ ਸਮਾਨ ਪਹੁੰਚ ਨੂੰ ਹੱਲਸ਼ੇਰੀ ਦੇਣ ਨੂੰ ਬਹੁਤ ਮਹੱਤਵ ਦਿੰਦਾ ਹੈ, ਭਾਵੇਂ ਉਹਨਾਂ ਦਾ ਨਸਲੀ ਪਿਛੋਕੜ ਕੋਈ ਵੀ ਹੋਵੇ।

### A. <u>HKMA ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਵੱਖ-ਵੱਖ ਜਨਤਕ ਸੇਵਾਵਾਂ ਅਤੇ ਜਾਣਕਾਰੀ ਤੱਕ ਪਹੁੰਚ</u>

ਸੰਬੰਧਿਤ ਸੇਵਾਵਾਂ

- HKMA ਆਮ ਲੋਕਾਂ ਨੂੰ ਕਈ ਵੱਖ-ਵੱਖ ਸੇਵਾਵਾਂ ਅਤੇ ਜਾਣਕਾਰੀ ਪ੍ਰਦਾਨ ਕਰਦਾ ਜੋ HKMA ਦੇ ਕੰਮਕਾਜ ਲਈ ਪ੍ਰਸੰਗਿਕ ਹਨ।

ਮੌਜੂਦਾ ਉਪਾਅ

- ਸਾਰੇ ਜਾਣਕਾਰੀ ਜਿੱਥੋਂ ਤੱਕ ਸੰਭਵ ਹੈ HKMA ਦੀ ਆਧਿਕਾਰਤ ਵੈੱਬਸਾਈਟ, ਸੂਚਨਾ ਕੇਂਦਰ, ਸੋਸ਼ਲ ਮੀਡਿਆ ਪਲੇਟਫਾਰਮਾਂ, ਸੂਚਨਾ ਪੱਤਰਾਂ ਅਤੇ ਇਸ਼ਤਿਹਾਰਾਂ ਉੱਤੇ ਇੰਗਲਿਸ਼ ਅਤੇ ਚੀਨੀ ਭਾਸ਼ਾ ਵਿੱਚ ਉਪਲਬਧ ਹੈ।

- HKMA ਦੀਆਂ ਪੁੱਛਗਿਛ ਅਤੇ ਸ਼ਿਕਾਇਤ ਨਿਪਟਾਰਾ ਸੇਵਾਵਾਂ ਲਿਖਤੀ ਅਤੇ ਬੋਲੀ ਜਾਂਦੀ ਚੀਨੀ ਅਤੇ ਇੰਗਲਿਸ਼ ਭਾਸ਼ਾਵਾਂ ਵਿੱਚ ਉਪਲਬਧ ਹਨ।

- HKMA ਦੀ ਅਧਿਕਾਰਤ ਵੈੱਬਸਾਈਟ 'ਤੇ "ਸਮਾਰਟ ਕੰਜ਼ਿਊਮਰਸ" ਭਾਗ ਵਿੱਚ ਇੱਕ ਸਮਰਪਿਤ ਵੈੱਬਪੇਜ

(https://www.hkma.gov.hk/eng/smart-consumers/information-in-other-languages/) ਅੱਠ ਭਾਸ਼ਾਵਾਂ (ਮਤਲਬ ਕਿ ਭਾਸ਼ਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਟੈਗਾਲੋਗ, ਥਾਈ, ਉਰਦੂ ਅਤੇ ਵਿਅਤਨਾਮੀ) ਵਿੱਚ ਹੇਠ ਦਿੱਤੇ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ:

- ਖਾਤਾ ਖੋਲਣਾ
- ਗਾਹਕਾਂ ਨਾਲ ਨਿਰਪੱਖ ਵਿਵਹਾਰ ਕਰਨ ਬਾਰੇ ਚਾਰਟਰ
- ਆਟੋਮੇਟੇਡ ਟੈਲਰ ਮਸ਼ੀਨ (ATM) ਉਪਯੋਗ ਕਰਨ ਬਾਰੇ ਸੁਰੱਖਿਆ ਸੁਝਾਅ
- ਬੈਂਕਿੰਗ ਵਿਵਹਾਰ ਦੇ ਨਿਯਮਾਂ ਦੇ ਆਮ ਸਿਧਾਂਤ
- ਡੌਰਮੈਂਟ ਅਕਾਂਊਂਟਾਂ ਨੂੰ ਸਮਝਣਾ
- ਵਿੱਤੀ ਸਿਹਤ
- ਨਿਵੇਸ਼ ਸੁਰੱਖਿਆ ਸਕੀਮ

**ਭਵਿੱਖ ਦੇ ਕੰਮ ਦਾ ਆਂਕਲਣ**

- HKMA ਸਮੇਂ-ਸਮੇਂ ਤੇ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰਦਾ ਹੈ ਅਤੇ ਜਿੱਥੇ ਜਰੂਰੀ ਹੋਵੇ ਉੱਤੇ ਸਟਾਫ ਅਤੇ ਆਮ ਲੋਕਾਂ ਦੀ ਫੀਡਬੈਕ/ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਧਾਰ ਕਰਦਾ ਹੈ।

**ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ**

- HKMA ਨੇ ਆਮ ਲੋਕਾਂ ਲਈ ਲੋੜ ਮੁਤਾਬਿਕ ਮੁਫਤ ਟੈਲੀਫੋਨ ਦੁਭਾਸ਼ੀਆ ਸੇਵਾਵਾਂ ਲਾਗੂ ਕੀਤੀਆਂ ਹਨ ਜੇਕਰ ਉਹ HKMA ਦੀਆਂ ਹਾਟਲਾਇਨਾਂ ਦੁਆਰਾ ਪੁੱਛਗਿਛ ਜਾਂ ਸ਼ਿਕਾਇਤਾਂ ਕਰਨਾ ਚਾਹੁੰਦੇ ਹੋਣ, ਪਰ ਇੰਗਲਿਸ਼ ਜਾਂ ਚੀਨੀ ਭਾਸ਼ਾ ਵਿੱਚ ਫਰਾਟੇਦਾਰ ਨਹੀਂ ਬੋਲ ਸਕਦੇ ਹਨ। ਦੁਭਾਸ਼ਿਆ ਸੇਵਾਵਾਂ ਵਿੱਚ ਅੱਠ ਭਾਸ਼ਾਵਾਂ, ਭਾਸ਼ਾ ਇੰਡੋਨੇਸ਼ਿਅਨ, ਹਿੰਦੀ, ਨੇਪਾਲੀ, ਪੰਜਾਬੀ, ਟੈਗਲੌਗ ,ਥਾਈ , ਉਰਦੂ ਅਤੇ ਵਿਅਤਨਾਮੀ ਨੂੰ ਕਵਰ ਕੀਤਾ ਜਾਂਦਾ ਹੈ।
- HKMA ਨੇ ਆਪਣੀ ਅਧਿਕਾਰਤ ਵੈਬਸਾਈਟ 'ਤੇ "ਸਮਾਰਟ ਖਪਤਕਾਰ" ਭਾਗ ਵਿੱਚ ਇੱਕ ਸਮਰਪਿਤ ਵੈੱਬਪੇਜ ਅਪਡੇਟ ਕੀਤਾ ਹੈ, ਜਿਸ ਵਿੱਚ ਵਿਅਤਨਾਮੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

## B. ਸਟਾਫ ਦੀ ਟ੍ਰੇਨਿੰਗ

| | |
|---|---|
| ਸੰਬੰਧਿਤ ਸੇਵਾਵਾਂ | • HKMA ਆਪਣੇ ਕਾਨੂੰਨੀ ਕਾਰਜਾਂ ਨੂੰ ਚਲਾਉਣ ਵਿੱਚ ਸਹੂਲਤ ਲਈ ਸਟਾਫ ਨੂੰ ਸਿਖਲਾਈ ਪ੍ਰਦਾਨ ਕਰਦਾ ਹੈ। |
| ਮੌਜੂਦਾ ਉਪਾਅ | • ਭੇਦਭਾਵ-ਵਿਰੋਧੀ ਮਾਮਲਿਆਂ ਦੇ ਸੰਬੰਧ ਵਿੱਚ ਸਟਾਫ ਦੀ ਜਾਗਰੂਕਤਾ ਅਤੇ ਇਸ ਬਾਰੇ ਸੰਵੇਦਨਸ਼ੀਲਤਾ ਵਧਾਉਣ ਲਈ ਨਿਯਮਿਤ ਤੌਰ 'ਤੇ ਸਿਖਲਾਈ, ਕਵਿਜ ਅਤੇ ਈਮੇਲ ਅਲਰਟ ਦੀ ਵਿਵਸਥਾ ਕੀਤੀ ਜਾਂਦੀ ਹੈ/ਪ੍ਰਸਾਰਿਤ ਕੀਤੇ ਜਾਂਦੇ ਹਨ। ਸਟਾਫ ਦੇ ਆਸਾਨ ਸੰਦਰਭ ਲਈ ਪਰਸੰਗਿਕ ਦਿਸ਼ਾਨਿਰਦੇਸ਼ ਅਤੇ ਅਧਿਆਦੇਸ਼ ਵੀ ਇਨ-ਹਾਊਸ ਵਰਚੁਅਲ ਨਾਲੇਜ ਸੈਂਟਰ ਵਿੱਚ ਕੇਂਦਰੀਕ੍ਰਿਤ ਕੀਤੇ ਗਏ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • HKMA ਸਮੇਂ ਸਮੇਂ ਤੇ ਆਪਣੇ ਸਿਖਲਾਈ ਪ੍ਰੋਗਰਾਮਾਂ ਦੀ ਸਮੀਖਿਆ ਕਰਦਾ ਹੈ ਅਤੇ ਜਿੱਥੇ ਜਰੂਰੀ ਹੋਵੇ, ਉੱਤੇ ਸਟਾਫ ਅਤੇ ਆਮ ਲੋਕਾਂ ਦੀ ਫੀਡਬੈਕ/ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਧਾਰ ਕਰਦਾ ਹੈ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ/ | • ਸਟਾਫ ਦੀ ਸਿਖਲਾਈ ਨਿਯਮਿਤ ਆਧਾਰ ਤੇ ਬਰਾਬਰ ਮੌਕਿਆਂ ਬਾਰੇ ਕਮਿਸ਼ਨ ਅਤੇ ਹੋਰ ਸਬੰਧਤ ਸੰਗਠਨਾਂ ਦੇ ਸਹਿਯੋਗ ਨਾਲ ਸੰਚਾਲਿਤ ਕੀਤੀ ਜਾਂਦੀ ਹੈ। |

ਨਸਲੀ ਸਮਾਨਤਾ ਨੂੰ ਹੱਲਾਸ਼ੇਰੀ ਦੇਣ ਬਾਰੇ ਪੁੱਛ-ਗਿੱਛ ਲਈ ਕਿਰਪਾ ਕਰਕੇ Mr. Eric Ko, ਮੈਨੇਜਰ (ਕਾਰਪੋਰੇਟ ਡਵੈਲਪਮੈਂਟ), ਨਾਲ ਹੇਠ ਲਿਖੇ ਚੈਨਲਾਂ ਰਾਹੀਂ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰ. | : | 2597 0519 |
| ਫੈਕਸ ਨੰ. | : | 2509 9192 |
| ਈਮੇਲ ਪਤਾ | : | publicenquiry@hkma.gov.hk |
| ਡਾਕ ਦਾ ਪਤਾ | : | 55th Floor, Two International Finance Centre, 8 Finance Street, Central, Hong Kong |

ਹਾਂਗਕਾਂਗ ਮਾਨੀਟਰੀ ਅਥਾਰਿਟੀ
ਜੁਲਾਈ 2022